# ਬਾਬਾ ਪਵਨਦੀਪ ਸਿੰਘ ਦੀ ਸੂਪਰਸਤੀ ਹੇਠ ਹੋਇਆ ਛੇਆਂ ਪਿੰਡਾਂ ਦਾ ਵਿਸ਼ਾਲ ਨਗਰ ਕੀਰਤਨ





**ਮੋਗਾ/ ਜਸਵੀਰ ਸਿਘ ਪੁਰੈਣ**

ਸੱਚਖੰਡ ਵਾਸੀ ਧੰਨ ਧੰਨ ਬਾਬਾ ਦਸੌਂਧਾ ਸਿੰਘ ਜੀ ਵੜ੍ਹਿਆਂ ਵਾਲਿਆਂ ਦੀ ਯਾਦ ਵਿਚ ਛੇਆਂ ਪਿੰਡਾਂ ਦਾ ਵਿਸ਼ਾਲ ਨਗਰ ਕੀਰਤਨ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸੂਪਰਸਤੀ ਹੇਠ ਕੱਢਿਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮਨਮੋਹਨ ਸਿੰਘ ਚੀਮਾ ਨੇ ਦੱਸਿਆ ਕਿ ਮੁੱਖ ਸੇਵਾਦਾਰ ਸੰਤ ਬਾਬਾ ਪਵਨਦੀਪ ਸਿੰਘ ਜੀ ਦੀ ਸੁਪਰਸਤੀ ਹੇਠ ਧੰਨ ਧੰਨ ਬਾਬਾ ਦਸੌਂਧਾ ਸਿੰਘ ਜੀ ਵੜ੍ਹਿਆਂ ਵਾਲਿਆਂ ਦੀ ਯਾਦ ਵਿੱਚ ਛੇਆਂ ਪਿੰਡਾਂ ਦਾ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਹ ਨਗਰ ਕੀਰਤਨ ਸੱਚਖੰਡ ਵਾਸੀ ਸੰਤ ਬਾਬਾ ਦਸੌਂਧਾ ਸਿੰਘ ਜੀ ਵੜ੍ਹਿਆਂ ਵਾਲਿਆਂ ਦੇ ਤਪ ਅਸਥਾਨ ਗੁਰਦੁਆਰਾ ਅਜਾਦਸਰ ਸਾਹਿਬ ਵੜ੍ਹੇ ਤੋਂ ਆਰੰਭ ਹੋ ਕੇ ਪਿੰਡ ਔਗੜ, ਲੋਹਾਰਾ, ਚੁੱਘਾ, ਫਤਹਿਗੜ੍ਹ ਅਤੇ ਕੜਿਆਲ ਵਿੱਚ ਦੀ ਹੁੰਦਾ ਹੋਇਆ ਦੇਰ ਰਾਤ ਨੂੰ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ।

ਇਸ ਵਿਸ਼ਾਲ ਨਗਰ ਕੀਰਤਨ ਵਿੱਚ ਫੁੱਲਾਂ ਨਾਲ ਸਜੀ ਗੁਰੂ ਸਾਹਿਬ ਦੀ ਸੁੰਦਰ ਪਾਲਕੀ ਅਤੇ ਮਿਲਟਰੀ ਬੈਂਡ ਨੇ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਇਆ। ਇਸ ਨਗਰ ਕੀਰਤਨ ਵਿੱਚ ਰਾਗੀ ਜੱਥਿਆਂ ਭਾਈ ਸ਼ਰਬਜੀਤ ਸਿੰਘ, ਭਾਈ ਗੁਰਜੀਤ ਸਿੰਘ ਤੋਂ ਇਲਾਵਾ ਅੰਤਰ-ਰਾਸਟਰੀ ਢਾਡੀ ਸਾਧੂ ਸਿੰਘ ਧੰਮੂ, ਗਿਆਨੀ ਮਲਕੀਤ ਸਿੰਘ ਪੰਖੇਰੂ ਜੀ ਲੋਹਗੜ੍ਹ, ਗੁਰਬਚਨ ਸਿੰਘ ਸ਼ੇਰਪੁਰੀ, ਭਾਈ ਅਵਤਾਰ ਸਿੰਘ ਮਾਨ ਆਦਿ ਦੇ ਜੱਥਿਆਂ ਨੇ ਗੁਰੂ ਜਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਹਰ ਪਿੰਡ ਵਿੱਚ ਦੋ-ਦੋ ਤਿੰਨ-ਤਿੰਨ ਪੜਾਅ ਸਨ, ਜਿਥੇ ਸੰਗਤਾਂ ਨੇ ਜੱਥਿਆਂ ਪਾਸੋਂ ਬਾਣੀ ਸਰਬਨ ਕੀਤੀ। ਪਿੰਡ ਵਿੱਚ ਪੜਾਆਂ ਤੇ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ, ਚਾਹ, ਲੱਡੂਆਂ ਅਤੇ ਫਲਾਂ ਦੇ ਲੰਗਰ ਲਗਾਏ ਗਏ ਸਨ।

ਇਸ ਮੌਕੇ ਹੋਰਨਾ ਤੋਂ ਇਲਾਵਾ ਸੇਵਾਦਾਰ ਭਾਈ ਇਕਬਾਲ ਸਿੰਘ, ਸੁਖਦਿਆਲ ਸਿੰਘ, ਗੋਰਾ ਸਿੰਘ ਕੜਿਆਲ, ਭਵਨਦੀਪ ਸਿੰਘ ਪੁਰਬਾ, ਨੰਬਰਦਾਰ ਜਸਮੇਲ ਸਿੰਘ, ਮਿਸਤਰੀ ਨਰੈਣ ਸਿੰਘ, ਰਮਨ ਸਿੰਘ, ਗੁਰਜਿੰਦਰ ਸਿੰਘ, ਜੱਜ ਸਿੰਘ, ਤਰਲੋਕ ਸਿੰਘ, ਦਲੀਪ ਸਿੰਘ, ਗੁਰਪ੍ਰੀਤ ਸਿੰਘ, ਮਨਜਿੰਦਰ ਸਿੰਘ ਧਰਮਕੋਟ, ਪ੍ਰਧਾਨ ਸਿੰਘ, ਸੁਖਦਿਆਲ ਸਿੰਘ, ਸੁਖਵਿੰਦਰ ਸਿੰਘ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਬਾਬਾ ਭੋਲਾ ਭਗਤ ਜੀ ਦੀ ਸਰਪਰਸਤੀ ਵਿੱਚ ਚੁੱਘਾ ਖੁਰਦ ਵਿਖੇ ਬਾਬਾ ਸ੍ਰੀ ਚੰਦ ਜੀ ਦਾ ਧੂਣਾ ਸਥਾਪਨਾ ਦਿਵਸ ਮਨਾਇਆ ਗਿਆ



**ਚੁੱਘਾ ਖੁਰਦ / ਮਨਮੋਹਨ ਚੀਮਾਂ**

ਪਿੰਡ ਚੁੱਘਾ ਖੁਰਦ ਵਿਖੇ ਬਾਬਾ ਭੋਲਾ ਭਗਤ ਜੀ ਦੀ ਸੁਪਰਸਤੀ ਵਿੱਚ ਬਾਬਾ ਸ੍ਰੀ ਚੰਦ ਜੀ ਦਾ ਧੂਣਾ ਸਥਾਪਨਾ ਦਿਵਸ ਮਨਾਇਆ ਗਿਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗਾ ਉਪਰੰਤ ਧਾਰਮਿਕ ਦੀਵਾਨ ਸਜਿਆ, ਜਿਸ ਵਿੱਚ ਗੋਲਡ ਮੈਡਲਿਸਟ ਰਾਮ ਪ੍ਰਕਾਸ਼ ਸ਼ਾਸ਼ਤਰੀ ਜੀ ਦਤਾਰੀਏ ਵਾਲੇ, ਬਾਬਾ ਪਵਨਦੀਪ ਸਿੰਘ ਕੜਿਆਲ ਅਤੇ ਧਾਰਮਿਕ ਜੱਥਿਆਂ ਵਿੱਚ ਅੰਤਰ-ਰਾਸਰਟੀ ਢਾਡੀ ਜੱਥਾ ਸਾਧੂ ਸਿੰਘ ਧੰਮੂ, ਗੁਰਬਚਨ ਸਿੰਘ ਸੇਰਪੁਰੀ ਤੋਂ ਇਲਾਵਾ ਹੋਰ ਕਈ ਮਹਾਪੁਰਖਾਂ ਅਤੇ ਜੱਥਿਆਂ ਨੇ ਕਥਾ ਕੀਰਤਨ ਰਾਹੀ ਸੰਗਤਾ ਨੂੰ ਨਿਹਾਲ ਕੀਤਾ। ਇਸ ਸਮਾਗਮ ਵਿੱਚ ਪ੍ਰਸਿਧ ਪੰਜਾਬੀ ਗਾਇਕਾ ਪਰਮਜੀਤ ਧੰਜਲ ਦੀ ਧਾਰਮਿਕ ਕੈਸਿਟ 'ਦਰ ਅੰਬੇ ਰਾਣੀ ਦਾ' ਰੀਲੀਜ਼ ਕੀਤੀ ਗਈ। ਇਸ ਮੌਕੇ ਗਾਇਕਾਂ ਪਰਮਜੀਤ ਧੰਜਲ ਨੇ ਧਾਰਮਿਕ ਗੀਤਾਂ ਰਾਹੀ ਸੰਗਤਾ ਸਾਹਮਣੇ ਹਾਜ਼ਰੀ ਲਵਾਈ। ਇਸ ਸਮਾਗਮ ਵਿੱਚ ਮੰਨਿਆਂ ਪ੍ਰਮੰਨੀਆ ਧਾਰਮਿਕ ਸਖਸੀਅਤਾਂ ਵਿੱਚ ਬਾਬਾ ਜਗਦੀਸ਼ ਦਾਸ ਜੀ ਉਚੇ ਡੇਰੇ ਵਾਲੇ, ਬਾਬਾ ਪਵਨਦੀਪ ਸਿੰਘ ਜੀ ਕੇਰਵਾਲੀ ਖੂਹੀ ਕੜਿਆਲ ਵਾਲੇ, ਬਾਬਾ ਫਨਿੰਦਰ ਸਿੰਘ ਜੀ ਵੱਡਾ ਚੁੱਘਾ, ਸੰਤ ਸ਼ਮਸ਼ੇਰ ਸਿੰਘ ਜਗੇੜਾ, ਬਾਬਾ ਛੋਟੂ ਖਾਨ ਜੀ, ਤੋਂ ਇਲਾਵਾ ਨੰਬਰਦਾਰ ਹਰਜਿੰਦਰ ਸਿੰਘ, ਅਵਤਾਰ ਸਿੰਘ ਔਲਖ, ਸੁਖਦੇਵ ਸਿੰਘ ਢਿਲੋਂ, ਮੰਦਰ ਸਿੰਘ, ਬੋਹੜ ਸਿੰਘ, ਗੁਰਦੀਪ ਸਿੰਘ ਕਲਸੀ, ਕਾਲਾ ਸਿੰਘ, ਤਰਨੀ ਸਿੰਘ, ਬਿਕਰਮਜੀਤ ਸਿੰਘ, ਕੁਲਵਿੰਦਰ ਸਿੰਘ (ਈ.ਓ.), ਕੁਲਦੀਪ ਸਿੰਘ, ਸੁਮਿੱਤਰ ਸਿੰਘ, ਮਨਜਿੰਦਰ ਲਾਲੀ, ਕੋਠੀ ਵਾਲਾ ਲਾਲੀ, ਜਸਪਾਲ ਸਿੰਘ ਮਖੂ (ਐਮ.ਸੀ.), ਮੋਹਨ ਸਿੰਘ, ਕਮਲਦੀਪ ਸਰਮਾ, ਗੋਲਡੀ, ਕੁਲਜੀਤ ਸਰਮਾ, ਰਮੇਸ਼ ਬਤਰਾ, ਸਤਪਾਲ ਕਲਰਕ, ਬਿੰਦਰ ਚੂਹੜਚੱਕ, ਜੋਨ ਚੂਹੜਚੱਕ ਆਦਿ ਮੁੱਖ ਤੌਰ ਤੇ ਹਾਜ਼ਰ ਸਨ।

# ਹਰ ਮਹੀਨੇ ਦੀ ਤਰ੍ਹਾਂ ਸੰਗਰਾਂਦ ਦੇ ਦਿਹਾੜੇ 'ਤੇ ਬਾਬਾ ਗੁਰਦੀਪ ਸਿੰਘ ਨੇ 350 ਲੋੜਵੰਦ ਪਰਿਵਾਰਾਂ ਨੂੰ ਵੰਡਿਆ ਰਾਸ਼ਨ



**ਚੰਦ ਪੁਰਾਣਾ/ ਮਵਦੀਲਾ ਬਿਓਰੋ**

ਸਿੱਖੀ ਦੇ ਪ੍ਰਚਾਰ ਅਤੇ ਮਾਨਵਤਾ ਦੀ ਭਲਾਈ ਨੂੰ ਸਮਰਪਿਤ ਅਤੇ ਮਾਲਵੇ ਦੇ ਪ੍ਰਸਿਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਵਿਖੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਵੱਲੋਂ ਮਹੀਨਾਵਾਰ ਰਾਸ਼ਨ ਵੰਡ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਬਾਬਾ ਗੁਰਦੀਪ ਸਿੰਘ ਨੇ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਵੱਲੋਂ ਅਰੰਭੇ ਮਿਸ਼ਨ 'ਤੇ ਚੱਲਦੇ ਹੋਇਆਂ 350 ਲੋੜਵੰਦ ਪਰਿਵਾਰਾਂ ਨੂੰ ਮਹੀਨੇ ਭਰ ਦੇ ਰਾਸ਼ਨ ਦੀਆ ਕਿੱਟਾਂ ਆਪਣੇ ਕਰ ਕਮਲਾਂ ਨਾਲ ਵੰਡੀਆਂ ਅਤੇ ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਗੁਰੂ ਘਰ ਵਿਖੇ ਕਰਵਾਏ ਅੰਮ੍ਰਿਤ ਸੰਚਾਰ ਮੌਕੇ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ ਵਾਲੇ 175 ਅੰਮ੍ਰਿਤ ਅਭਿਲਾਸ਼ੀਆ ਨੂੰ ਗੁਰੂ ਘਰ ਵੱਲੋਂ ਕਕਾਰ ਬਸਤਰ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਅਤੇ ਦੂਰੋਂ ਆਉਣ ਵਾਲਿਆਂ ਨੂੰ ਕਿਰਾਇਆ ਵੀ ਦਿੱਤਾ।

ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਮਾਨਵਤਾ ਦੀ ਭਲਾਈ ਅਤੇ ਸਿੱਖੀ ਦੇ ਪ੍ਰਚਾਰ ਲਈ ਅਰੰਭੇ ਮਿਸ਼ਨ ਨੂੰ ਭਵਿੱਖ ਵਿਚ ਜਾਰੀ ਰੱਖਿਆ ਜਾਵੇਗਾ ਅਤੇ ਹੋਰ ਵੀ ਸਮਾਜ ਸੇਵਾ ਦੇ ਕਾਰਜ ਅਰੰਭੇ ਜਾਣਗੇ। ਇਸ ਮੌਕੇ ਦਰਸ਼ਨ ਸਿੰਘ ਡਰੋਲੀ ਭਾਈ, ਤਰਲੋਕ ਸਿੰਘ ਸਿੰਘਾਂ ਵਾਲਾ, ਚਮਕੌਰ ਸਿੰਘ ਚੰਦ ਪੁਰਾਣਾ, ਬਿੱਲੂ ਸਿੰਘ, ਕੁਲਬੀਰ ਸਿੰਘ, ਨਿਰਮਲ ਸਿੰਘ, ਸਰਬਜੀਤ ਸਿੰਘ, ਨਛੱਤਰ ਸਿੰਘ, ਚਮਕੌਰ ਸਿੰਘ ਇਟਲੀ ਅਤੇ ਹੋਰ ਸੇਵਕਾਂ ਨੇ ਵੀ ਇਸ ਮੌਕੇ ਸੇਵਾਵਾਂ ਨਿਭਾ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

# ਸੰਤ ਰਣਜੀਤ ਸਿੰਘ ਢੱਡਰੀਆ ਵਾਲਿਆ ਤੇ ਹਮਲਾ ਨਿੰਦਣਯੋਗ ਕਾਰਾ - ਬਾਬਾ ਬਲਦੇਵ ਸਿੰਘ ਜੀ ਮੰਡੀਰਾ



**ਮੰਡੀਰਾ-ਸਾਧੂ ਸਿੰਘ ਧੰਮੂ**

ਸਿੱਖ ਕੌਮ ਦੇ ਮਹਾਨ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆ ਵਾਲਿਆਂ ਤੇ ਜੋ ਜਾਨਲੇਵਾ ਹਮਲਾ ਹੋਇਆ ਹੈ ਇਹ ਬਹੁਤ ਹੀ ਮੰਦਭਾਗਾ ਨਿੰਦਣਯੋਗ ਕਾਰਾ ਹੈ। ਇਨਾਂ ਸ਼ਬਦਾਂ ਦਾ ਪ੍ਰਗਟਾਵਾ ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਨੇ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਭਾਈ ਹਰਪ੍ਰੀਤ ਸਿੰਘ ਡੋਨੀ ਨੇ 'ਮਹਿਕ ਵਤਨ ਦੀ ਲਾਈਵ' ਦੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰੂ ਨਾਨਕ ਦਰਬਾਰ ਨਾਨਕਸਰ ਠਾਠ ਮੰਡੀਰਾ ਦੇ ਮੁੱਖ ਸੇਵਾਦਾਰ ਬਾਬਾ ਬਲਦੇਵ ਸਿੰਘ ਜੀ ਮੰਡੀਰਾ ਵੱਲੋਂ ਸੰਤ ਰਣਜੀਤ ਸਿੰਘ ਢੱਡਰੀਆ ਵਾਲਿਆਂ 'ਤੇ ਹੋਏ ਜਾਨਲੇਵਾ ਹਮਲੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਸਿੱਖ ਕੌਮ ਦੇ ਮਹਾਨ ਪ੍ਰਚਾਰਕ ਸੰਤ ਰਣਜੀਤ ਸਿੰਘ ਢੱਡਰੀਆ ਵਾਲਿਆ ਤੇ ਜੋ ਜਾਨਲੇਵਾ ਹਮਲਾ ਹੋਇਆ ਹੈ ਇਹ ਬਹੁਤ ਹੀ ਮੰਦਭਾਗਾ ਨਿੰਦਣਯੋਗ ਕਾਰਾ ਹੈ। ਕਿਸੇ ਵੀ ਸੰਤ ਮਹਾਂਪੁਰਖ ਜਾਂ ਪ੍ਰਚਾਰਕਾਂ ਤੇ ਇਸ ਤਰ੍ਹਾਂ ਜਾਨਲੇਵਾ ਹਮਲੇ ਹੋਣੇ ਚਿੰਤਾ ਦਾ ਵਿਸ਼ਾ ਹੈ। ਸਰਕਾਰ ਨੂੰ ਇਸ ਦੀ ਚੰਗੀ ਤਰ੍ਹਾਂ ਪੜਤਾਲ ਕਰਕੇ ਦੋਸ਼ੀਆਂ ਨੂੰ ਸ਼ਖਤ ਸਜ਼ਾ ਦੇਣੀ ਚਾਹੀਦੀ ਹੈ।

# ਸ਼ਹਿਨਾਈਆਂ - ਮੁਬਾਰਕਾਂ



**ਉੱਘੇ ਸਾਹਿਤਕਾਰ ਸ. ਗੁਰਮੇਲ ਸਿੰਘ ਬੌਡੇ ਦੇ ਲੜਕੇ**

**ਪ੍ਰਭਜੋਤ ਕੌਰ ਧਾਲੀਵਾਲ ਦਾ ਸ਼ੁਭ ਵਿਆਹ ਸੰਗੀਤ**

**ਨਾਲ ਹੋਇਆ।**

**ਅਦਾਰਾ 'ਮਹਿਕ ਵਤਨ ਦੀ ਲਾਈਵ'**

**ਵੱਲੋਂ ਸੁਭਾਗੀ ਜੋੜੀ ਅਤੇ ਪੂਰੇ ਪਰਿਵਾਰ ਨੂੰ ਬਹੁਤ-ਬਹੁਤ ਮੁਬਾਰਕਾਂ।**